## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ।

ਹੁਕਮ ਨੰ: 10/111-2001 ਅ-3 (4) (ਕੋ:ਸੈਲ(2))
ਮਿਤੀ, ਐਸ.ਏ.ਐਸ.ਨਗਰ :- 09-06-15

ਸ੍ਰੀ ਰਾਜੀਵ ਕੁਮਾਰ, ਮੈਥ ਮਾਸਟਰ, ਸ.ਮਿ.ਸ ਹਾਮਦ ਕੰਪ: ਸ.ਸ.ਸ.ਸ ਲੱਖੋ ਕੇ ਬਹਿਰਾਮ ਲੀਅਨ ਸ.ਮਿ.ਸ ਘੁੱਦੂਵਾਲਾ ਕੰਪ: ਸ.ਸ.ਸ.ਸ, ਮੱਖੂ, ਜ਼ਿਲਾ ਫਿਰੋਜ਼ਪੁਰ ਜੋ ਮਿਤੀ 06-12-1998 ਤੋਂ ਸਰਕਾਰੀ ਡਿਊਟੀ ਤੋਂ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਚੱਲਿਆ ਆ ਰਿਹਾ ਹੈ, ਨੂੰ ਇਸ ਦਫਤਰ ਦੇ ਹੁਕਮ ਨੰ: 10/111-2001 ਅ-3 (4) ਮਿਤੀ 10-08-2001/04-10-2001 ਰਾਹੀਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲਜ਼ 1970 ਦੀ ਧਾਰਾ 8 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ।

ਸ੍ਰੀ ਰਾਜੀਵ ਕੁਮਾਰ, ਮੈਥ ਮਾਸਟਰ, ਸ.ਮਿ.ਸ ਹਾਮਦ ਕੰਪ: ਸ.ਸ.ਸ.ਸ ਲੱਖੋ ਕੇ ਬਹਿਰਾਮ ਲੀਅਨ ਸ.ਮਿ.ਸ ਘੁੱਦੂਵਾਲਾ ਕੰਪ: ਸ.ਸ.ਸ.ਸ, ਮੱਖੂ, ਜ਼ਿਲਾ ਫਿਰੋਜ਼ਪੁਰ ਵੱਲੋ ਦੋਸ਼ ਸੂਚੀ ਦਾ ਉਤਰ ਪ੍ਰਾਪਤ ਨਾ ਹੋਣ ਕਾਰਨ, ਉਸ ਵਿਰੁੱਧ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਇਸ ਦਫਤਰ ਦੇ ਹੁਕਮ ਨੰ: 10/111-2001 ਅ-3 (4) ਮਿਤੀ 08-03-2011/24-03-2011 ਰਾਂਹੀ ਸ੍ਰੀ ਬਲਦੇਵ ਸਿੰਘ ਸੈਣੀ, ਜ਼ਿਲ੍ਹਾ ਸਿਖਿਆ ਅਫਸਰ (ਸੈ.ਸਿ), ਫਿਰੋਜ਼ਪੁਰ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ। ਪੜਤਾਲੀਆ ਅਫਸਰ ਵੱਲੋਂ ਪ੍ਰਾਪਤ ਹੋਈ ਪੜਤਾਲ ਰਿਪੋਰਟ ਅਨੁਸਾਰ ਕਰਮਚਾਰੀ ਵਿਰੁੱਧ ਸਰਕਾਰੀ ਡਿਊਟੀ ਤੋ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਦਾ ਦੋਸ਼ ਸਿੱਧ ਕੀਤਾ।

ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਸ੍ਰੀ ਰਾਜੀਵ ਕੁਮਾਰ, ਮੈਥ ਮਾਸਟਰ, ਸ.ਮਿ.ਸ ਹਾਮਦ ਕੰਪ: ਸ.ਸ.ਸ.ਸ ਲੱਖੋ ਕੇ ਬਹਿਰਾਮ ਲੀਅਨ ਸ.ਮਿ.ਸ ਘੁੱਦੂਵਾਲਾ ਕੰਪ: ਸ.ਸ.ਸ.ਸ, ਮੱਖੂ, ਜ਼ਿਲਾ ਫਿਰੋਜ਼ਪੁਰ ਨੂੰ ਆਪਣੀ ਡਿਊਟੀ ਤੋਂ ਅਣ-ਅਧਿਕਾਰਤ ਤੌਰ ਤੇ ਗੈਰ-ਹਾਜ਼ਰ ਰਹਿਣ ਕਾਰਨ ਮਿਤੀ 30-04-2015 ਨੂੰ ਅਜੀਤ ਅਖਬਾਰ ਵਿਚ ਪਬਲਿਕ ਨੋਟਿਸ ਦਿੱਤਾ ਗਿਆ ਅਤੇ ਕਰਮਚਾਰੀ ਨੂੰ ਮੌਕਾ ਦਿੱਤਾ ਗਿਆ ਕਿ ਉਹ ਆਪਣੇ ਪੱਖ ਵਿਚ ਜੇਕਰ ਕੁਝ ਕਹਿਣਾ ਚਾਹੁੰਦਾ ਹੈ ਤਾਂ ਨੋਟਿਸ ਛੱਪਣ ਦੇ 21 ਦਿਨਾਂ ਦੇ ਅੰਦਰ ਅੰਦਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕਰੇ ਪਰੰਤੂ ਇਸ ਨੋਟਿਸ ਦੇ ਜਵਾਬ ਵਿਚ ਕਰਮਚਾਰੀ ਨੇ ਨਾ ਤਾਂ ਕੋਈ ਉਤਰ ਦਿੱਤਾ ਅਤੇ ਨਾ ਹੀ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕੀਤਾ। ਇਸ ਤੋ ਇਹ ਸਪਸ਼ਟ ਹੈ ਕਿ ਕਰਮਚਾਰੀ ਸਰਕਾਰੀ ਨੌਕਰੀ ਚਾਲੂ ਰੱਖਣ ਵਿਚ ਦਿਲਚਸਪੀ ਨਹੀ ਰੱਖਦਾ ਅਤੇ ਉਸਨੂੰ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰੀ ਨਹੀਂ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ੍ਰੀ ਰਾਜੀਵ ਕੁਮਾਰ, ਮੈਥ ਮਾਸਟਰ, ਸ.ਮਿ.ਸ ਹਾਮਦ ਕੰਪ: ਸ.ਸ.ਸ.ਸ ਲੱਖੋ ਕੇ ਬਹਿਰਾਮ ਲੀਅਨ ਸ.ਮਿ.ਸ ਘੁੱਦੂਵਾਲਾ ਕੰਪ: ਸ.ਸ.ਸ.ਸ, ਮੱਖੂ, ਜ਼ਿਲਾ ਫਿਰੋਜ਼ਪੁਰ ਦੇ ਅਣ-ਅਧਿਕਾਰਤ ਤੌਰ ਤੇ ਮਿਤੀ 06-12-1998 ਤੋਂ ਹੁਣ ਤੱਕ ਲਗਾਤਾਰ ਸਰਕਾਰੀ ਡਿਊਟੀ ਤੋ ਜਾਣਬੁੱਝ ਕੇ ਗੈਰ ਹਾਜਰ ਰਹਿਣ ਦੇ ਦੋਸ਼ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 5 (viii) ਅਧੀਨ ਉਸ ਦੀਆ ਸੇਵਾਵਾਂ ਤਤਕਾਲ ਸਮੇਂ ਤੋਂ ਖਤਮ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿਠ ਅੰਕਣ ਨੰ: ਉਕਤ / 10494-97 ਮਿਤੀ, ਐਸ.ਏ.ਐਸ.ਨਗਰ : 10/06/15

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਫਰੀਦਕੋਟ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਫਿਰੋਜ਼ਪੁਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਕਰਮਚਾਰੀ ਦੀ ਸੇਵਾ ਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾਂ ਖਤਮ ਕਰਨ ਸਬੰਧੀ ਇੰਦਰਾਜ ਕਰਵਾਉਣਾ ਯਕੀਨੀ ਬਣਾਇਆ ਜਾਵੇ ਅਤੇ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।
3. (ਰਜਿਸਟਰਡ) ਪ੍ਰਿੰਸੀਪਲ, ਸ.ਸ.ਸ.ਸ, ਮੱਖੂ, ਜ਼ਿਲਾ ਫਿਰੋਜ਼ਪੁਰ ਨੂੰ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰੀ ਦੇ ਮੌਜੂਦਾ ਘਰ ਦੇ ਪਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ। ਕਰਮਚਾਰੀ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕਰਕੇ ਤਸਦੀਕ ਸੁਦਾ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ।
4. ਸ੍ਰੀ ਰਾਜੀਵ ਕੁਮਾਰ, ਮੈਥ ਮਾਸਟਰ, ਸ.ਮਿ.ਸ ਹਾਮਦ ਕੰਪ: ਸ.ਸ.ਸ.ਸ ਲੱਖੋ ਕੇ ਬਹਿਰਾਮ ਲੀਅਨ ਸ.ਮਿ.ਸ ਘੁੱਦੂਵਾਲਾ ਕੰਪ: ਸ.ਸ.ਸ.ਸ, ਮੱਖੂ, ਜ਼ਿਲਾ ਫਿਰੋਜ਼ਪੁਰ।

ਸੁਪਰਡੈਂਟ ਕੋਆਰਡੀਨੇਸ਼ਨ ਸੈਲ